BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਨੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਖਾਸ ਅੱਪਗ੍ਰੇਡਸ ਵਾਸਤੇ 7.3 ਮਿਲੀਅਨ ਡਾਲਰ ਦਾ ਫੈਡਰਲ ਅਤੇ ਪ੍ਰੋਵਿੰਸ਼ੀਅਲ ਨਿਵੇਸ਼ ਸੁਰੱਖਿਅਤ ਕੀਤਾ

ਬ੍ਰੈਂਪਟਨ, ਓਨਟੈਰੀਓ (17 ਮਈ, 2021) – ਅੱਜ, ਮੇਅਰ ਪੈਟਰਿਕ ਬ੍ਰਾਊਨ (Patrick Brown); ਬ੍ਰੈਂਪਟਨ ਦੇ ਸਿਟੀ ਕਾਊਂਸਲਰਾਂ; ਫੈਡਰਲ ਮਿਨਿਸਟਰ ਆਫ ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ, ਸਨਮਾਨਯੋਗ ਕੈਥਰੀਨ ਮਕੈਨਾ (Catherine McKenna) ਦੇ ਵੱਲੋਂ, ਮਿਨਿਸਟਰ ਆਫ ਇੰਟਰਨੈਸ਼ਨਲ ਡਿਵੈਲਪਮੈਂਟ ਲਈ ਪਾਰਲੀਆਮੈਂਟਰੀ ਸੈਕਰੇਟਰੀ ਅਤੇ ਬ੍ਰੈਂਪਟਨ ਈਸਟ ਲਈ ਮੈਂਬਰ ਆਫ ਪਾਰਲੀਆਮੈਂਟ, ਮਨਿੰਦਰ ਸਿੱਧੂ (Maninder Sidhu); ਅਤੇ ਓਨਟੈਰੀਓ ਦੇ ਮਿਨਿਸਟਰ ਆਫ ਇੰਫਰਾਸਟ੍ਰਕਚਰ, ਸਨਮਾਨਯੋਗ ਲੌਰੀ ਸਕੌਟ (Laurie Scott) ਦੇ ਵੱਲੋਂ, ਐਸੋਸੀਏਟ ਮਿਨਿਸਟਰ ਆਫ ਸਮਾਲ ਬਿਜਨੇਸ ਐਂਡ ਰੈਡ ਟੇਪ ਰਿਡਕਸ਼ਨ ਅਤੇ ਬ੍ਰੈਂਪਟਨ ਸਾਊਥ ਲਈ ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ, ਸਨਮਾਨਯੋਗ ਪ੍ਰਭਮੀਤ ਸਿੰਘ ਸਰਕਾਰੀਆ (Prabmeet Singh Sarkaria) ਨੇ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਫਲੀਟ ਵਿੱਚ ਬੱਸਾਂ ਤੇ ਕੰਪਿਊਟਰ ਏਡੇਡ ਡਿਸਪੈਚ (Computer Aided Dispatch) ਅਤੇ ਆਟੋਮੈਟਿਕ ਵਹੀਕਲ ਲੋਕੇਸ਼ਨ (Automatic Vehicle Location) ਸਿਸਟਮਾਂ ਦੀ ਰਿਪਲੇਸਮੈਂਟ ਵਾਸਤੇ ਸੰਯੁਕਤ ਫੰਡਿੰਗ ਦਾ ਐਲਾਨ ਕੀਤਾ।

ਕੈਨੇਡਾ ਸਰਕਾਰ, *ਇਨਵੈਸਟਿੰਗ ਇਨ ਕੈਨੇਡਾ (Investing in Canada)* ਪਲਾਨ ਦੀ, ਪਬਲਿਕ ਟ੍ਰਾਂਜ਼ਿਟ ਇੰਫਰਾਸਟ੍ਰਕਚਰ ਸਟ੍ਰੀਮ (ਪੀ.ਟੀ.ਆਈ.ਐਸ.) (Public Transit Infrastructure Stream) (PTIS) ਦੇ ਦੁਆਰਾ, ਇਸ ਪ੍ਰੋਜੈਕਟ ਵਿੱਚ 4 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ। ਓਨਟੈਰੀਓ ਸਰਕਾਰ, 3.3 ਮਿਲੀਅਨ ਡਾਲਰ ਪ੍ਰਦਾਨ ਕਰ ਰਹੀ ਹੈ ਅਤੇ ਸਿਟੀ ਆਫ ਬ੍ਰੈਂਪਟਨ, 2.6 ਮਿਲੀਅਨ ਡਾਲਰ ਦਾ ਯੋਗਦਾਨ ਦੇ ਰਹੀ ਹੈ।

ਇਸ ਪ੍ਰੋਜੈਕਟ ਵਿੱਚ ਸਾਰੀਆਂ ਸਹਾਇਕ ਡਿਵਾਈਸਾਂ, ਓਪਰੇਟਿੰਗ ਸਿਸਟਮਾਂ ਅਤੇ ਨੈੱਟਵਰਕਿੰਗ ਗਿਅਰ ਅਤੇ ਕੰਪਿਊਟਰ ਏਡੇਡ ਡਿਸਪੈਚ ਅਤੇ ਆਟੋਮੈਟਿਕ ਵਹੀਕਲ ਲੋਕੇਸ਼ਨ ਸਿਸਟਮਾਂ ਦੇ ਸੌਫਟਵੇਅਰ ਦਾ ਡਿਜ਼ਾਈਨ, ਨਿਰਮਾਣ ਅਤੇ ਇੰਸਟਾਲੇਸ਼ਨ ਸ਼ਾਮਲ ਹੈ। ਇਹਨਾਂ ਰਿਪਲੇਸਮੈਂਟ ਸਿਸਟਮਾਂ ਨੂੰ 450 ਬੱਸਾਂ ਤੇ ਇੰਸਟਾਲ ਕੀਤਾ ਜਾਵੇਗਾ। ਇਸ ਕੰਮ ਵਿੱਚ ਇੰਟਰਐਕਟਿਵ ਵੋਇਸ ਰਿਸਪੌਂਸ (Interactive Voice Response), ਡੇਟਾ ਰੇਡੀਓ ਨੈੱਟਵਰਕ, ਟਰਮੀਨਲਾਂ ਅਤੇ ਸਟੇਸ਼ਨ ਸ਼ੈਪਸ ਤੇ 130 ਤੋਂ ਵੱਧ ਇਲੈਕਟ੍ਰੋਨਿਕ ਸਾਈਨ ਬੋਰਡ ਅਤੇ ਆਟੋਮੈਟਿਕ ਪੈਸੇਂਜਰ ਕਾਊਂਟਰਾਂ ਵਾਲੀਆਂ ਆਊਟਫਿਟਿੰਗ ਬੱਸਾਂ ਸਮੇਤ, ਸਬਸਿਸਟਮਾਂ ਦਾ ਲਾਗੂਕਰਣ ਅਤੇ ਏਕੀਕਰਨ ਵੀ ਸ਼ਾਮਲ ਹੈ।

ਇਹਨਾਂ ਨਵੇਂ ਸਿਸਟਮਾਂ ਦਾ ਵਾਧਾ, ਡੇਟਾ ਭਰੋਸੇਯੋਗਤਾ, ਸੰਚਾਲਨ ਸਬੰਧੀ ਟ੍ਰੈਕਿੰਗ, ਸਿਸਟਮ ਕੈਪੇਸਿਟੀ ਅਤੇ ਪਰਫੌਰਮੈਂਸ ਵਿੱਚ ਸੁਧਾਰ ਕਰੇਗਾ, ਜਿਸ ਨਾਲ ਬ੍ਰੈਂਪਟਨ ਨੂੰ ਬਿਹਤਰ ਕੁਆਲਿਟੀ ਵਾਲਾ ਅਤੇ ਵੱਧ ਸੁਰੱਖਿਅਤ ਪਬਲਿਕ ਟ੍ਰਾਂਜ਼ਿਟ ਸਿਸਟਮ ਮਿਲ ਸਕੇਗਾ।

**ਲਿੰਕ**

- ਬ੍ਰੈਂਪਟਨ ਦੇ ਨਿਵਾਸੀਆਂ ਲਈ ਸੰਸ਼ੋਧਿਤ ਪਬਲਿਕ ਟ੍ਰਾਂਜ਼ਿਟ ਵਿੱਚ ਕੈਨੇਡਾ ਅਤੇ ਓਨਟੈਰੀਓ ਦਾ ਨਿਵੇਸ਼ (Canada and Ontario invest in improved public transit for residents of Brampton)

**ਹਵਾਲੇ**

"ਸਿਟੀ ਆਫ ਬ੍ਰੈਂਪਟਨ, ਸਾਡੇ ਪਬਲਿਕ ਟ੍ਰਾਂਜ਼ਿਟ ਸਿਸਟਮ ਵਿੱਚ ਇਸ ਖਾਸ ਨਿਵੇਸ਼ ਦਾ ਸੁਆਗਤ ਕਰਦੀ ਹੈ। ਬ੍ਰੈਂਪਟਨ ਟ੍ਰਾਂਜ਼ਿਟ, ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਟ੍ਰਾਂਜ਼ਿਟ ਸਿਸਟਮਾਂ ਵਿੱਚੋਂ ਇੱਕ ਹੈ। ਅੱਪਡੇਟ ਕੀਤੀਆਂ ਡਿਸਪੈਚ ਅਤੇ ਵਹੀਕਲ ਲੋਕੇਸ਼ਨ ਸਬੰਧੀ ਤਕਨੀਕਾਂ, ਬ੍ਰੈਂਪਟਨ ਵਿੱਚ ਪਬਲਿਕ ਟ੍ਰਾਂਜ਼ਿਟ ਦੀ ਰੀਅਲ-ਟਾਈਮ ਵਿੱਚ ਜਾਣਕਾਰੀ, ਕਨੈਕਟੀਵਿਟੀ, ਕੁਆਲਿਟੀ ਅਤੇ ਸੁਰੱਖਿਆ ਵਿੱਚ ਬਹੁਤ ਵਾਧਾ ਕਰਨਗੀਆਂ। ਮੈਂ ਬ੍ਰੈਂਪਟਨ ਵਿੱਚ ਨਿਵੇਸ਼ ਲਿਆਉਣ ਵਾਸਤੇ, ਸਰਕਾਰ ਦੇ ਸਾਰੇ ਅਮਲਿਆਂ ਦੇ ਨਾਲ ਕੰਮ ਕਰਨਾ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ, ਨਾਲ ਹੀ ਇਹ ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਹੈ। ਇਹ ਮਹੱਤਵਪੂਰਣ ਨਿਵੇਸ਼ ਯਕੀਨੀ ਬਣਾਵੇਗਾ ਕਿ ਸਾਡਾ ਟ੍ਰਾਂਜ਼ਿਟ ਸਿਸਟਮ ਆਧੁਨਿਕ, ਪ੍ਰਭਾਵਸ਼ਾਲੀ ਅਤੇ ਚੰਗੀ ਤਰ੍ਹਾਂ ਜੁੜਿਆ ਹੋਇਆ ਹੈ। ਅਸੀਂ ਇਹ ਯਕੀਨੀ ਬਣਾਉਣਾ ਜਾਰੀ ਰੱਖਾਂਗੇ ਕਿ ਬ੍ਰੈਂਪਟਨ ਟ੍ਰਾਂਜ਼ਿਟ ਕੋਲ ਸਾਡੀ ਕਮਿਉਨਿਟੀ ਵਿੱਚ ਹਰ ਕਿਸੇ ਲਈ ਉਸਦੇ ਰੋਜ਼ਾਨਾ ਦੇ ਕੰਮਾਂ, ਸੁਰੱਖਿਆ ਅਤੇ ਵਿਕਾਸ ਵਿੱਚ ਮਦਦ ਲਈ, ਸਭ ਤੋਂ ਵੱਧ ਅੱਪ-ਟੂ-ਡੇਟ ਤਕਨੀਕਾਂ ਹਨ। ਸਾਡੇ ਸਰਕਾਰੀ ਭਾਈਵਾਲਾਂ, ਸਟਾਫ਼ ਅਤੇ ਸਟੇਕਹੋਲਡਰਾਂ ਦਾ ਧੰਨਵਾਦ, ਜਿਹਨਾਂ ਨੂੰ ਇਸਨੂੰ ਸੰਭਵ ਬਣਾਇਆ ਹੈ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ ਸਟਾਫ਼, ਬ੍ਰੈਂਪਟਨ ਵਿੱਚ ਨਿਵੇਸ਼ ਲਿਆਉਣ ਲਈ ਸਾਡੇ ਭਾਈਵਾਲਾਂ ਦੇ ਨਾਲ ਕੰਮ ਕਰਨ ਲਈ ਵਚਨਬੱਧ ਹੈ। ਜਦੋਂ ਅਸੀਂ ਬ੍ਰੈਂਪਟਨ ਟ੍ਰਾਂਜ਼ਿਟ ਤੇ ਇਹਨਾਂ ਡਿਵਾਈਸਾਂ ਅਤੇ ਸਿਸਟਮਾਂ ਨੂੰ ਰਿਪਲੇਸ, ਲਾਗੂ ਅਤੇ ਏਕੀਕ੍ਰਿਤ ਕਰਾਂਗੇ ਤਾਂ ਸਾਡੇ ਫਲੀਟ ਅਤੇ ਕਮਿਉਨਿਟੀ ਨੂੰ ਇਸ ਨਾਲ ਬਹੁਤ ਫਾਇਦਾ ਹੋਵੇਗਾ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਅੱਜ ਦਾ ਨਿਵੇਸ਼, ਡੇਟਾ ਭਰੋਸੇਯੋਗਤਾ ਅਤੇ ਸੰਚਾਲਨ ਸਬੰਧੀ ਟ੍ਰੈਕਿੰਗ ਅਤੇ ਸਮਰਥਤਾਵਾਂ ਨੂੰ ਅੱਪਗ੍ਰੇਡ ਕਰਕੇ, ਬ੍ਰੈਂਪਟਨ ਦੇ ਪਬਲਿਕ ਟ੍ਰਾਂਜ਼ਿਟ ਇੰਫਰਾਸਟ੍ਰਕਚਰ ਵਿੱਚ ਸੁਧਾਰ ਕਰੇਗਾ। ਇਹ ਯਕੀਨੀ ਬਣਾਵੇਗਾ ਕਿ ਆਉਣ ਵਾਲੇ ਸਾਲਾਂ ਲਈ ਨਿਵਾਸੀਆਂ ਦੀ, ਵਧੀਆ ਕਿਸਮ ਦੇ ਅਤੇ ਸੁਰੱਖਿਅਤ ਪਬਲਿਕ ਟ੍ਰਾਂਜ਼ਿਟ ਵਿਕਲਪਾਂ ਤੱਕ ਲਗਾਤਾਰ ਪਹੁੰਚ ਬਣੀ ਹੋਈ ਹੈ। ਕੈਨੇਡਾ ਦਾ ਇੰਫਰਾਸਟ੍ਰਕਚਰ ਪਲਾਨ, ਹਜ਼ਾਰਾਂ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਦਾ ਹੈ, ਪੂਰੇ ਦੇਸ਼ ਵਿੱਚ ਨੌਕਰੀਆਂ ਪੈਦਾ ਕਰਦਾ ਹੈ ਅਤੇ ਵੱਧ ਸਾਫ਼ ਅਤੇ ਵੱਧ ਸ਼ਮੂਲੀਅਤ ਵਾਲੀਆਂ ਕਮਿਉਨਿਟੀਜ ਬਣਾਉਂਦਾ ਹੈ।"

- *ਮਨਿੰਦਰ ਸਿੱਧੂ (Maninder Sidhu), ਮਿਨਿਸਟਰ ਆਫ ਇੰਟਰਨੈਸ਼ਨਲ ਡਿਵੈਲਪਮੈਂਟ ਲਈ ਪਾਰਲੀਆਮੈਂਟਰੀ ਸੈਕਰੇਟਰੀ ਅਤੇ ਬ੍ਰੈਂਪਟਨ ਈਸਟ ਲਈ ਮੈਂਬਰ ਆਫ ਪਾਰਲੀਆਮੈਂਟ, ਫੈਡਰਲ ਮਿਨਿਸਟਰ ਆਫ ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ, ਸਨਮਾਨਯੋਗ ਕੈਥਰੀਨ ਮਕੈਨਾ (Catherine McKenna) ਦੇ ਵੱਲੋਂ*

"ਵਿਕਾਸਸ਼ੀਲ ਸ਼ਹਿਰ ਵਜੋਂ, ਬ੍ਰੈਂਪਟਨ ਨੂੰ ਸੁਰੱਖਿਅਤ, ਸਮਾਰਟ ਅਤੇ ਪਹੁੰਚਯੋਗ ਟ੍ਰਾਂਜ਼ਿਟ ਦੀ ਲੋੜ ਹੈ, ਤਾਂ ਜੋ ਸਾਡੇ ਨਿਵਾਸੀ, ਸਾਡੀ ਕਮਿਉਨਿਟੀ ਵਿੱਚ ਅਸਾਨੀ ਨਾਲ ਇੱਧਰ-ਉੱਧਰ ਜਾ ਸਕਣ। ਇਹ ਨਿਵੇਸ਼, ਸਾਡੀ ਕਮਿਉਨਿਟੀ ਲਈ ਆਧੁਨਿਕ, ਪ੍ਰਭਾਵਸ਼ਾਲੀ ਅਤੇ ਕੁਸ਼ਲ ਟ੍ਰਾਂਜ਼ਿਟ ਬਣਾਉਣਾ ਜਾਰੀ ਰੱਖਣ ਲਈ ਹੈ—ਤਾਂ ਜੋ ਬ੍ਰੈਂਪਟਨ ਦੇ ਮਿਹਨਤੀ ਪਰਿਵਾਰ, ਅੱਗੇ ਵਧਣ ਦਾ ਹਰ ਮੌਕਾ ਹਾਸਲ ਕਰ ਸਕਣ।"

- *ਸਨਮਾਨਯੋਗ ਪ੍ਰਬਮੀਤ ਸਰਕਾਰੀਆ (Prabmeet Sarkaria), ਐਸੋਸੀਏਟ ਮਿਨਿਸਟਰ ਆਫ ਸਮਾਲ ਬਿਜਨੇਸ ਐਂਡ ਰੈਡ ਟੇਪ ਰਿਡਕਸ਼ਨ ਅਤੇ ਬ੍ਰੈਂਪਟਨ ਸਾਊਥ ਲਈ ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ, ਓਨਟੈਰੀਓ ਦੇ ਮਿਨਿਸਟਰ ਆਫ ਇੰਫਰਾਸਟ੍ਰਕਚਰ, ਸਨਮਾਨਯੋਗ ਲੌਰੀ ਸਕੌਟ (Laurie Scott) ਦੇ ਵੱਲੋਂ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca

ਸ਼ੈਂਟੇਲ ਔਬਰਟਿਨ (Chantalle Aubertin)
ਪ੍ਰੈਸ ਸੈਕਰੇਟਰੀ
ਆਫਿਸ ਆਫ ਦ ਮਿਨਿਸਟਰ ਆਫ ਇੰਫਰਾਸਟ੍ਰਕਚਰ ਐਂਡ ਕਮਿਉਨਿਟੀਜ
613.941.0660 | chantalle.aubertin@canada.ca

ਕ੍ਰਿਸਟੀਨ ਬੁਜੋਲਡ (Christine Bujold)
ਪ੍ਰੈਸ ਸੈਕਰੇਟਰੀ
ਆਫਿਸ ਆਫ  ਸਨਮਾਨਯੋਗ ਲੌਰੀ ਸਕੌਟ, ਓਨਟੈਰੀਓ ਦੇ ਮਿਨਿਸਟਰ ਆਫ
ਇੰਫਰਾਸਟ੍ਰਕਚਰ
416.454.1782 | christine.bujold@ontario.ca

ਸੋਫੀਆ ਸੂਜਾ-ਡਿਆਸ (Sofia Sousa-Dias)
ਕਮਿਉਨਿਕੇਸ਼ਨਸ ਬ੍ਰਾਂਚ
ਓਨਟੈਰੀਓ ਮਿਨਿਸਟਰੀ ਆਫ  ਇੰਫਰਾਸਟ੍ਰਕਚਰ
437.991.3391 | sofia.sousa-Dias@ontario.ca

ਮੀਡੀਆ ਰਿਲੇਸ਼ਨਸ
ਇੰਫਰਾਸਟ੍ਰਕਚਰ ਕੈਨੇਡਾ
613-960-9251
ਟੋਲ ਫ੍ਰੀ: 1.877.250.7154
ਈਮੇਲ: infc.media.infc@canada.ca
ਸਾਨੂੰ Twitter, Facebook ਅਤੇ Instagram ਤੇ ਫਾੱਲੋ ਕਰੋ
ਵੈਬਸਾਈਟ: Infrastructure Canada